NZ ਤਸਵੀਰ NEWS

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

31 May 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਬਜਟ ਨੂੰ ਲੈ ਕੇ ਚੱਲ ਰਿਹਾ ਡਰਾਮਾ ਹੋਇਆ ਖ਼ਤਮ




ਨਿਊਜੀਲੈਂਡ ਬਜਟ ਨੂੰ ਲੈ ਕੇ ਕਈਂ ਦਿਨ ਦਾ ਡਰਾਮਾ ਖਤਮ ਹੋ ਗਿਆ ਜਦੋਂ ਬੀਤੇ ਦਿਨ ਨਿਊਜ਼ੀਲੈਂਡ ਦੇ ਵਿੱਤ ਮੰਤਰੀ " ਗ੍ਰਾਂਟ ਰੋਬਰਟਸਨ ਵੱਲੋਂ ਪੇਸ਼ ਕੀਤੇ ਬਜਟ ਵਿੱਚ 29 ਫ਼ੀਸਦ ਲੋਕਾਂ ਦੀ ਸੋਸ਼ਲ ਸਕਿਓਰਟੀ ਤੇ ਵੈਲਫੇਅਰ ਤੇ , 18.28 ਫ਼ੀਸਦ ਸੇਹਤ ਸੈਕਟਰ ਤੇ , 14.31 ਫ਼ੀਸਦ ਸਿਖਿਆ ਦੇ ਖੇਤਰ ਤੇ ਪੈਸਾ ਰੱਖਿਆ ਗਿਆ ਹੈ। ਸੁਰੱਖਿਆ ਦੇ ਨਾਮ ਤੇ ਇਸ ਮੁਲਕ ਵਿਚ 2.42 ਫ਼ੀਸਦ ਬਜਟ ਹੀ ਦਿੱਤਾ ਗਿਆ ਹੈ,ਪਰ ਕਰਾਈਸਚਰਚ ਵਿਚ ਹੋਏ ਹਮਲੇ ਤੋਂ ਬਾਅਦ ਮੁਲਕ ਨੇ ਇਸ ਦੇ ਤੋੜ ਲਈ 168 ਮਿਲੀਅਨ ਡਾਲਰ ਰੱਖੇ ਨੇ ਜੋ ਕਿ ਗੰਨ ਬਾਏ ਬੈਕ ਨਾਂ ਦੀ ਨੀਤੀ ਤਹਿਤ ਹਨ।ਇਸ ਦਾ ਸਿੱਧਾ ਮਤਲਬ ਹੈ ਕਿ ਸਰਕਾਰ ਲੋਕਾਂ ਦੇ ਪੈਸੇ ਨਾਲ ਅਜਿਹੇ ਹਥਿਆਰ ਖਰੀਦਣਾ ਚਾਹੁੰਦੀ ਹੈ ਜਿਸ ਨਾਲ ਅਜਿਹੇ ਹਮਲਿਆ ਨਾਲ ਨਜੀਠਿਆ ਜਾ ਸਕੇ। ਇਸ ਤੋਂ ਬਿਨਾਂ ਖੇਤੀਬਾੜੀ, ਵਾਤਾਵਰਨ ਤਬਦੀਲੀ ਵਰਗੀਆਂ ਕੁਦਰਤੀ ਆਫਤਾ ਨਾਲ ਨਿਪਟਣ ਲਈ ਸਰਕਾਰ ਨੇ ਸਵਾ ਬਿਲੀਅਨ ਡਾਲਰ ਦੀ ਰਾਸ਼ੀ ਰੱਖੀ ਹੈ।ਨਿਊਜੀਲੈਂਡ ਸਰਕਾਰ ਨੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਠੱਲ ਪਾਉਣ ਲਈ 4.5 ਬਿਲੀਅਨ ਡਾਲਰ ਖਰਚ ਕਰਨੇ ਹਨ।

ਨਿਊਜੀਲੈਂਡ ਇਤਿਹਾਸ ਨੂੰ ਸਾਂਭਣ ਲਈ ਮਿਊਜ਼ਮ ,ਲਿਖਤਾਂ ,ਇਤਿਹਾਸਕ ਇਮਾਰਤਾਂ ,ਡਾਕੂਮੈਂਟਰੀਆਂ ,ਖੋਜ ਕਾਰਜਾਂ ਨੂੰ ਹੈਰੀਟੇਜ਼ ਲਈ 910 ਮਿਲੀਅਨ ਡਾਲਰ ਰੱਖੇ ਹਨ। ਸਰਕਾਰ ਵੱਲੋਂ ਬੇਘਰਿਆਂ ਲਈ ਘਰ ਬਣਾਏ ਜਾਣ ਲਈ 710 ਮਿਲੀਅਨ ਡਾਲਰ ਦੀ ਰਕਮ ਰੱਖੀ ਗਈ ਹੈ।

ਸਰਕਾਰ ਨੇ $1.2 ਬਿਲੀਅਨ ਡਾਲਰ ਮਾਨਸਿਕ ਸਿਹਤ ਸੇਵਾਵਾਂ ਨੂੰ ਵਧੀਆ ਬਨਾਉਣ ਲਈ ਜਾਰੀ ਕੀਤੇ ਹਨ। ਬੱਚਿਆਂ ਦੀ ਗਰੀਬੀ ਦੂਰ ਕਰਨ ਲਈ $544 ਮਿਲੀਅਨ ਜਾਰੀ ਕੀਤੇ ਗਏ ਹਨ। ਤਨਖਾਹ ਵਾਧੇ ਦੇ ਫਾਇਦਿਆਂ ਨੂੰ ਸੂਚਿਤ ਕਰਨ ਲਈ $320 ਮਿਲੀਅਨ ਔਸਤ ਰੱਖੀ ਗਈ ਹੈ। 253 ਮਿਲੀਅਨ ਡਾਲਰ ਉਨ੍ਹਾਂ ਸਟੇਟ ਇੰਟੀਗ੍ਰੇਟਡ ਸਕੂਲਾਂ ਦੇ ਲਈ ਹਨ, ਜੋ ਪ੍ਰਤੀ ਵਿਦਿਆਰਥੀ $150 ਤੋਂ ਵੱਧ ਡੋਨੇਸ਼ਨ ਨਹੀਂ ਲੈਂਦੇ।ਇਸ ਬਿਨਾਂ ਕੀਵੀ ਰੇਲ ਡਿਵੈਲਪੈਂਟ ਦੇ ਲਈ $1 ਬਿਲੀਅਨ, ਜਿਸ ਵਿੱਚ $35 ਮਿਲੀਅਨ ਦੀ ਉਹ ਰਾਸ਼ੀ ਵੀ ਸ਼ਾਮਿਲ ਹੋਵੇਗੀ, ਜੋ ਕੁੱਕ ਸਟੇਟ ਫੇਰੀਆਂ ਖ਼੍ਰੀਦਣ ਲਈ ਵਰਤੀ ਜਾਏਗੀ। 50 ਮਿਲੀਅਨ ਡਾਲਰ ਨਿਊਜ਼ੀਲੈਂਡ ਦੀਆਂ ਜਾਸੂਸੀ ਕੰਪਨੀਆਂ ਦੀ ਤਾਕਤ ਵਧਾਉਣ ਦੇ ਲਈ ਰੱਖੇ ਗਏ ਹਨ। 80 ਮਿਲੀਅਨ ਡਾਲਰ ਵੈਨਾਊ ਓਰਾ ਲਈ ਆਉਂਦੇ ਚਾਰ ਸਾਲਾਂ ਵਿੱਚ ਖਰਚੇ ਜਾਣਗੇ ਜੋ ਮਾਓਰੀ ਵਰਗ ਲਈ ਕਾਫੀ ਲਾਹੇਵੰਦ ਸਿੱਧ ਹੋਣਗੇ।ਇਸ ਤੋਂ ਇਲਾਵਾ ਰੇਨਬੋ ਕਮਿਊਨਿਟੀ ਲਈ ਵੀ 1 ਮਿਲੀਅਨ ਡਾਲਰ ਵੀ ਰੱਖੇ ਗਏ ਹਨ। ਇਸ ਬਜਟ ਨੂੰ ਕਈਂ ਹਲਕਿਆਂ ਵਿੱਚ ਸਤੁੰਸ਼ਟੀ ਵਾਲਾ ਮੰਨਿਆ ਜਾ ਰਿਹਾ ਹੈ, ਪਰ ਵਿਰੋਧੀ ਧਿਰ ਇਸ ਬਜਟ ਤੋਂ ਨਾਖੁਸ਼ ਹੀ ਨਜਰ ਆ ਰਹੀ ਹੈ। ਇਸ ਦਾ ਮੁੱਖ ਪ੍ਰਮਾਣ ਨਿਊਜੀਲੈਂਡ 'ਚ ਫਿਊਲ ਦੇ ਵਧੇ ਹੋਏ ਭਾਅ ਹਨ। ਵਿਰੋਧੀ ਧਿਰ ਕਹਿ ਰਹੀ ਹੈ ਕਿ 1 ਜੁਲਾਈ ਤੋਂ ਫਿਊਲ ਦੇ ਰੇਟ ਵੱਧ ਰਹੇ ਹਨ ਜੋ ਕਿ ਇਸ ਬਜਟ ਦੀ ਦੇਣ ਹਨ।

## ਵੈਸਟਇੰਡੀਜ਼ ਨੇ ਨਿਊਜ਼ੀਲੈਂਡ ਨੂੰ 91 ਦੌੜਾਂ ਨਾਲ ਹਰਾਇਆ



ਬਿਹਤਰੀਨ ਫਾਰਮ ਵਿਚ ਚੱਲ ਰਹੇ ਸ਼ਾਈ ਹੋਪ ਦੇ ਸੈਂਕੜੇ (101 ਦੌੜਾਂ) ਨਾਲ ਵੱਡਾ ਸਕੋਰ ਖੜ੍ਹਾ ਕਰਨ ਵਾਲੇ ਵੈਸਟਇੰਡੀਜ਼ ਨੇ ਮੰਗਲਵਾਰ ਨੂੰ ਇੱਥੇ ਅਭਿਆਸ ਮੈਚ ਵਿਚ ਨਿਊਜ਼ੀਲੈਂਡ ਨੂੰ 91 ਦੌੜਾਂ ਨਾਲ ਕਰਾਰੀ ਹਾਰ ਦੇ ਕੇ ਵਿਸ਼ਵ ਕੱਪ ਲਈ ਆਪਣੀਆਂ ਤਿਆਰੀਆਂ ਦਾ ਚੰਗਾ ਨਜ਼ਾਰਾ ਪੇਸ਼ ਕੀਤਾ। ਵੈਸਟਇੰਡੀਜ਼ ਦੀ ਟੀਮ 49.2 ਓਵਰਾਂ ਵਿਚ ਆਊਟ ਹੋ ਗਈ ਪਰ ਇਸ ਦੇ ਬਾਵਜੂਦ ਉਸ ਉਹ 421 ਦੌੜਾਂ ਬਣਾਉਣ ਵਿਚ ਸਫਲ ਰਹੀ। ਇਸਦੇ ਜਵਾਬ ਵਿਚ ਨਿਊਜ਼ੀਲੈਂਡ ਦੀ ਟੀਮ 47.2 ਓਵਰਾਂ ਵਿਚ 330 ਦੌੜਾਂ 'ਤੇ ਆਊਟ ਹੋ ਗਈ। ਵੈਸਟਇੰਡੀਜ਼ ਟੀਮ ਵਲੋਂ ਸ਼ਾਈ ਹੋਪ ਨੇ 86 ਗੇਂਦਾਂ 'ਚ 9 ਚੌਕੇ ਤੇ 4 ਛੱਕਿਆਂ ਦੀ ਮਦਦ ਨਾਲ 101 ਦੌੜਾਂ ਦੀ ਪਾਰੀ ਖੇਡੀ।

## ਸਹੁੰ ਚੁੱਕਣ ਤੋਂ ਬਾਅਦ ਪੀ.ਐੱਮ. ਮੋਦੀ ਦਾ ਪਹਿਲਾ ਟਵੀਟ, ਦੇਸ਼ ਦੇ ਵਿਕਾਸ ਲਈ ਮਿਲ ਕੇ ਕੰਮ ਕਰਾਂਗੇ



ਨਵੀਂ ਦਿੱਲੀ— ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਹੁੰ ਚੁੱਕਣ ਤੋਂ ਬਾਅਦ ਪਹਿਲਾ ਟਵੀਟ ਕਰਦੇ ਹੋਏ ਮੰਤਰੀ ਮੰਡਲ ਦੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ। ਪੀ.ਐੱਮ. ਨੇ ਕਿਹਾ ਕਿ ਦੇਸ਼ ਦੇ ਵਿਕਾਸ ਲਈ ਮਿਲ ਕੇ ਕੰਮ ਕਰਦੇ ਰਹਾਂਗੇ। ਉਨ੍ਹਾਂ ਨੇ ਆਪਣੇ ਟਵੀਟ 'ਚ ਕਿਹਾ ਕਿ ਟੀਮ 'ਚ ਬਹਿਤਰੀਨ ਕੰਮ ਕਰਨ ਵਾਲੇ ਸੰਸਦ ਮੈਂਬਰ ਹਨ। ਪੀ.ਐੱਮ. ਮੋਦੀ ਨੇ ਕਿਹਾ, "ਨਵੀਂ ਟੀਮ ਯੂਵਾ ਊਰਜਾ ਤੇ ਪ੍ਰਸ਼ਾਸਨਿਕ ਅਨੁਭਵ ਦਾ ਤਾਲਮੇਲ ਹੈ।" ਇਸ ਤੋਂ ਪਹਿਲਾਂ ਲੋਕ ਸਭਾ ਚੋਣਾਂ 'ਚ ਵੱਡੇ ਬਹੁਮਤ ਨਾਲ ਸੱਤਾ 'ਚ ਆਏ ਬੀਜੇਪੀ ਦੀ ਅਗਵਾਈ ਵਾਲੇ ਐੱਨ.ਡੀ.ਏ. ਦੇ ਨੇਤਾ ਦੇ ਤੌਰ 'ਤੇ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਲਗਾਤਾਰ ਦੂਜੀ ਵਾਰ ਪ੍ਰਧਾਨ ਮੰਤਰੀ ਦੇ ਰੂਪ 'ਚ ਸਹੁੰ ਚੁੱਕੀ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਰਾਸ਼ਟਰਪਤੀ ਭਵਨ 'ਚ ਇਕ ਸ਼ਾਨਦਾਰ ਸਮਾਗਮ 'ਚ ਮੋਦੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਅਹੁਦਾ ਤੇ ਗੋਪਨੀਅਤਾ ਦੀ ਸਹੁੰ ਦਿਵਾਈ। 24 ਕੈਬਨਿਟ ਮੰਤਰੀਆਂ ਨੇ ਸਹੁੰ ਚੁੱਕੀ। ਕਰੀਬ 2 ਘੰਟੇ ਚੱਲੇ ਸਹੁੰ ਚੁੱਕ ਸਮਾਗਮ 'ਚ ਐੱਨ.ਡੀ.ਏ. ਦੀ ਜਿੱਤ ਦੇ ਸੂਤਰਧਾਰ ਰਹੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਸਾਬਕਾ ਵਿਦੇਸ਼ ਸਕੱਤਰ ਐੱਸ. ਜੈ ਸ਼ੰਕਰ ਖਿੱਚ ਦਾ ਕੇਂਦਰ ਰਹੇ। ਖਾਸਕਰ ਜੈ ਸ਼ੰਕਰ ਨੂੰ ਮੰਤਰੀ ਮੰਡਲ 'ਚ ਸ਼ਾਮਲ ਕਰ ਅਤੇ ਕੈਬਨਿਟ ਮੰਤਰੀ ਦਾ ਦਰਜਾ ਦੇ ਕੇ ਪ੍ਰਧਾਨ ਮੰਤਰੀ ਮੋਦੀ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਜੈ ਸ਼ੰਕਰ ਭਾਰਤੀ ਵਿਦੇਸ਼ ਸੇਵਾ ਦੇ ਦੂਜੇ ਅਜਿਹੇ ਅਧਿਕਾਰੀ ਹਨ ਜਿਨ੍ਹਾਂ ਨੂੰ ਮੋਦੀ ਨੇ ਆਪਣੇ ਮੰਤਰੀ ਮੰਡਲ 'ਚ ਸਥਾਨ ਦਿੱਤਾ ਹੈ। ਸਰਕਾਰ 'ਚ ਸ਼ਾਮਲ ਕੀਤੇ ਗਏ ਹਰਦੀਪ ਸਿੰਘ ਪੁਰੀ ਵੀ ਭਾਰਤੀ ਵਿਦੇਸ਼ ਸੇਵਾ ਦੇ ਸੀਨੀਅਰ ਅਧਿਕਾਰੀ ਰਹੇ ਹਨ। ਮੋਦੀ ਨੇ ਸਹੁੰ ਚੁੱਕਣ ਤੋਂ ਬਾਅਦ ਟਵੀਟ 'ਚ ਕਿਹਾ, 'ਭਾਰਤ ਦੀ ਸੇਵਾ ਕਰ ਹੋਇਆ ਮਾਣ।"

## ਨਿਊਜ਼ੀਲੈਂਡ 'ਚ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਅਤੇ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਗੁਰਮਤਿ ਸਮਾਗਮ




ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਦੇ ਵੱਖ-ਵੱਖ ਗੁਰੂ ਘਰਾਂ ਵੱਲੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਅਤੇ ਘੱਲੂਘਾਰਾ ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਬਾਰੇ ਵਧੇਰੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 2 ਜੂਨ ਤੋਂ 15 ਜੂਨ ਤੱਕ ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ ਕੋਲਮਰ ਰੋਡ ਪਾਪਾਟੋਏਟੋਏ ਆਕਲੈਂਡ ਵਿਖੇ, 16ਜੂਨ ਤੋਂ 22ਜੂਨ ਤੱਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਪਾਟੋਏਟੋਏ ਅਤੇ 23 ਜੂਨ ਤੋਂ 29 ਜੂਨ ਤੱਕ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਹੈਮਿਲਟਨ ਵਿਖੇ ਕਰਵਾਏ ਜਾਣਗੇ। ਇਨ੍ਹਾਂ ਸਮਾਗਮਾਂ ਦਾ ਸਮਾਂ ਸੋਮਵਾਰ ਤੋਂ ਸ਼ਨੀਵਾਰ ਸ਼ਾਮ 6.30 ਵਜੇ ਐਤਵਾਰ ਦੁਪਹਿਰ 12 ਤੋਂ 1 ਵਜੇ ਤੱਕ ਰਹੇਗਾ।9 ਜੂਨ ਦੇ ਦੀਵਾਨ ਸਵੇਰੇ 11 ਵਜੇ ਤੋਂ 11:45 ਤੱਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਪਾਟੋਏਟੋਏ ਅਤੇ ਦੁਪਹਿਰ 12 ਤੋਂ 1ਵਜੇ ਤੱਕ ਗੁਰਦੁਆਰਾ ਦਸਮੇਸ਼ ਦੁਆਰ ਪਾਪਾਟੋਏਟੋਏ ਵਿਖੇ ਹੋਣਗੇ। 16 ਜੂਨ ਦੇ ਦੀਵਾਨ ਸਵੇਰੇ 11 ਤੋਂ 11:45 ਤੱਕ ਗੁਰਦੁਆਰਾ ਦਸਮੇਸ਼ ਦਰਬਾਰ ਪਾਪਾਟੋਏਟੋਏ, ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਪਾਟੋਏਟੋਏ ਵਿਖੇ ਕਰਵਾਏ ਜਾਣਗੇ। ਇਸ ਤੋਂ ਇਲਾਵਾ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਅਤੇ ਗੁਰਦੁਆਰਾ ਸਾਹਿਬ ਫਾਂਗਾਰਾਈ ਸਮੇਤ ਵਿਖੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਵੀ ਗੁਰਮਤਿ ਸਮਾਗਮ ਉਲੀਕੇ ਜਾਣਗੇ। ਇਹ ਸਮਾਗਮ ਪ੍ਰਬੰਧਕ ਕਮੇਟੀ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਪਾਟੋਏਟੋਏ, ਪ੍ਰਬੰਧਕ ਕਮੇਟੀ ਗੁਰਦੁਆਰਾ ਦਸਮੇਸ਼ ਦਰਬਾਰ ਕੋਲਮਾਰ ਰੋਡ, ਪ੍ਰਬੰਧਕ ਕਮੇਟੀ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਹੈਮਿਲਟਨ, ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਫਾਂਗਾਰਾਈ, ਪ੍ਰਬੰਧਕ ਕਮੇਟੀ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਏ ਜਾਣਗੇ। ਇਨ੍ਹਾਂ ਸਮਾਗਮਾਂ ਸਬੰਧੀ ਕਿਸੇ ਵੀ ਜਾਣਕਾਰੀ ਲਈ (09)2779455'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟਰਾਈ ਪ੍ਰਮੁੱਖ ਨੂੰ ਭਰੋਸਾ, ਨਵੀਂ ਸਰਕਾਰ ਦੂਰਸੰਚਾਰ ਖੇਤਰ ਚ ਸੁਧਾਰਾਂ ਨੂੰ ਅੱਗੇ ਵਧਾਏਗੀ

ਨਵੀਂ ਦਿੱਲੀ-ਭਾਰਤੀ ਦੂਰਸੰਚਾਰ ਰੈਗੂਲੇਟਰੀ ਅਥਾਰਟੀ (ਟਰਾਈ) ਦੇ ਚੇਅਰਮੈਨ ਆਰ.ਐੱਸ. ਸ਼ਰਮਾ ਨੇ ਭਰੋਸਾ ਪ੍ਰਗਟਾਇਆ ਹੈ ਕਿ ਨਵੀਂ ਸਰਕਾਰ ਦੂਰਸੰਚਾਰ ਖੇਤਰ 'ਚ ਸੁਧਾਰਾਂ ਨੂੰ ਰਫਤਾਰ ਦੇਣ ਲਈ ਨਵੀਂ ਊਰਜਾ ਨਾਲ ਕੰਮ ਕਰੇਗੀ। ਸ਼ਰਮਾ ਨੇ ਕਿਹਾ ਕਿ ਉਮੀਦ ਹੈ ਕਿ ਨਵੀਂ ਸਰਕਾਰ 5-ਜੀ ਨੈੱਟਵਰਕ ਅਤੇ ਨਵੀਂ ਦੂਰਸੰਚਾਰ ਨੀਤੀ ਦੇ ਲਾਗੂਕਰਨ ਨੂੰ ਤੇਜ਼ੀ ਨਾਲ ਲਿਆਵੇਗੀ। ਸ਼ਰਮਾ ਨੇ ਕਿਹਾ ਕਿ ਤਰਜੀਹਾਂ ਤੈਅ ਕਰਣਾ ਸਰਕਾਰ ਦਾ ਕੰਮ ਹੈ ਪਰ ਉਨ੍ਹਾਂ ਨੂੰ ਲੱਗਦਾ ਹੈ ਕਿ ਰਾਸ਼ਟਰੀ ਡਿਜੀਟਲ ਸੰਚਾਰ ਨੀਤੀ (ਐੱਨ. ਡੀ. ਸੀ. ਪੀ.) ਦੀਆਂ ਵੱਖ-ਵੱਖ ਵਿਵਸਥਾਵਾਂ ਦੇ ਲਾਗੂਕਰਨ ਦੀ ਰਫਤਾਰ ਤੇਜ਼ ਹੋਵੇਗੀ।




ਇਹ ਪੁੱਛੇ ਜਾਣ 'ਤੇ ਕਿ ਕੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਦੁਬਾਰਾ ਸੱਤਾ ਸੰਭਾਲਣ ਤੋਂ ਬਾਅਦ ਲਟਕੇ ਮੁੱਦਿਆਂ ਦਾ ਨਿਪਟਾਰਾ ਤੇਜ਼ੀ ਨਾਲ ਹੋ ਸਕੇਗਾ ? ਟਰਾਈ ਪ੍ਰਮੁੱਖ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਦੂਰਸੰਚਾਰ ਵਿਭਾਗ ਪਹਿਲਾਂ ਵੀ ਮੁੱਦਿਆਂ ਨੂੰ ਸੁਲਝਾ ਰਿਹਾ ਸੀ। ਮੈਨੂੰ ਵਿਸ਼ਵਾਸ ਹੈ ਕਿ ਹੁਣ ਉਹ ਹੋਰ ਜ਼ਿਆਦਾ ਉਤਸ਼ਾਹ ਨਾਲ ਇਸ ਕੰਮ ਨੂੰ ਕਰੇਗਾ।" ਏਅਰਟੈੱਲ ਦੇ ਗਾਹਕਾਂ ਦੀ ਗਿਣਤੀ 'ਚ ਆਈ 7.1 ਫ਼ੀਸਦੀ ਦੀ ਗਿਰਾਵਟ ਦੂਰਸੰਚਾਰ ਉਦਯੋਗ 'ਚ ਜਾਰੀ ਟੈਰਿਫ ਵਾਰ ਅਤੇ ਬਿਹਤਰ ਡਾਟਾ ਨੈੱਟਵਰਕ ਉਪਲੱਬਧ ਕਰਵਾਉਣ ਦੇ ਟੈਲੀਕਾਮ ਕੰਪਨੀਆਂ ਦੇ ਦਾਅਵੇ ਦੇ ਬਾਵਜੂਦ ਭਾਰਤੀ ਏਅਰਟੈੱਲ ਦੇ ਗਾਹਕਾਂ ਦੀ ਗਿਣਤੀ 'ਚ ਤੇਜ਼ ਗਿਰਾਵਟ ਦਰਜ ਕੀਤੀ ਗਈ ਹੈ ਅਤੇ ਮਾਰਚ 'ਚ ਖ਼ਤਮ ਵਿੱਤੀ ਸਾਲ 'ਚ ਇਸ ਤੋਂ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 7.1 ਫ਼ੀਸਦੀ ਦੀ ਕਮੀ ਆਈ ਹੈ। ਦੁਨੀਆ ਦੇ 18 ਦੇਸ਼ਾਂ 'ਚ ਕਾਰੋਬਾਰ ਕਰਨ ਵਾਲੀ ਇਸ ਕੰਪਨੀ ਦਾ ਕੌਮਾਂਤਰੀ ਪੱਧਰ 'ਤੇ ਗਾਹਕਾਂ ਦੀ ਕੁਲ ਗਿਣਤੀ ਮਾਰਚ 2018 'ਚ 39.57 ਕਰੋੜ ਸੀ ਜੋ ਇਸ ਸਾਲ ਮਾਰਚ 'ਚ ਖ਼ਤਮ ਵਿੱਤੀ ਸਾਲ 'ਚ 2.9 ਫ਼ੀਸਦੀ ਘਟ ਕੇ 38.40 ਕਰੋੜ 'ਤੇ ਆ ਗਈ।

## ਨਿਊਜੀਲੈਂਡ ਹਮਲਾ ਪੀੜ੍ਹਤਾਂ ਲਈ ਇਸ ਸਖਸ਼ ਨੇ ਇੱਕਠੇ ਕੀਤੇ ਇਕ ਲੱਖ ਆਸਟ੍ਰੇਲਿਆਈ ਡਾਲਰ



ਆਸਟ੍ਰੇਲੀਆ ਦੇ ਸੈਨੇਟਰ ਫ੍ਰੇਜਰ ਇਨਿੰਗ 'ਤੇ ਆਂਡਾ ਸੁੱਟਣ ਵਾਲੇ ਨੌਜਵਾਨ ਭਾਵ 'ਐੱਗ ਬੁਆਏ' ਨੇ ਕ੍ਰਾਈਸਟਚਰਚ ਮਸਜਿਦ ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਇਕ ਲੱਖ ਆਸਟ੍ਰੇਲੀਆਈ ਡਾਲਰ (ਲਗਭਗ 48 ਲੱਖ ਰੁਪਏ) ਦਾਨ ਕੀਤੇ ਹਨ। ਆਂਡੇ ਸੁੱਟੇ ਜਾਣ ਦੀ ਘਟਨਾ ਦੇ ਬਾਅਦ ਲੋਕਾਂ ਨੇ 17 ਸਾਲ ਦੇ ਵਿਲ ਕੋਨੋਲੀ ਲਈ ਆਨਲਾਈਨ ਫੰਡ ਇਕੱਠਾ ਕੀਤਾ ਸੀ। ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਹਮਲੇ 'ਚ 51 ਲੋਕ ਮਾਰੇ ਗਏ ਸਨ। 'ਐੱਗ ਬੁਆਏ' ਵਜੋਂ ਮਸ਼ਹੂਰ ਵਿਲ ਨੇ ਵੈੱਬਸਾਈਟ ਰਾਹੀਂ ਆਨਲਾਈਨ ਦਾਨ ਰਾਸ਼ੀ ਇਕੱਠੀ ਕੀਤੀ। ਉਸ ਨੇ ਆਪਣੇ ਇੰਸਟਾਗ੍ਰਾਮ 'ਤੇ ਸੋਮਵਾਰ ਰਾਤ ਨੂੰ ਇਸ ਦੀ ਜਾਣਕਾਰੀ ਦਿੱਤੀ। ਉਸ ਨੇ ਲਿਖਿਆ ਕਿ ਅੱਜ ਮੈਂ 99,922,36 ਆਸਟ੍ਰੇਲੀਅਨ ਡਾਲਰ ਕ੍ਰਾਈਸਟਚਰਚ ਫਾਊਂਡੇਸ਼ਨ ਅਤੇ 'ਵਿਕਟਮ ਸਪੋਰਟ' ਸੰਸਥਾ ਨੂੰ ਪੀੜਤਾਂ ਦੀ ਮਦਦ ਲਈ ਦਿੱਤੇ ਹਨ। ਦਾਨ ਰਾਸ਼ੀ ਨਾਲ ਪੀੜਤਾਂ ਨੂੰ ਮਿਲੇਗੀ ਮਦਦ—ਨਿਊਜ਼ੀਲੈਂਡ 'ਚ ਵਿਕਟਮ ਸਪੋਰਟ ਦੇ ਬੁਲਾਰੇ ਨੇ ਵਿਲ ਤੋਂ ਫੰਡ ਮਿਲਣ ਦੀ ਪੁਸ਼ਟੀ ਕੀਤੀ ਹੈ। ਸੰਸਥਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਕੇਵਿਨ ਨੇ ਕਿਹਾ ਕਿ ਦਾਨ ਕੀਤੀ ਰਾਸ਼ੀ ਪੀੜਤਾਂ ਦੀ ਕਾਫੀ ਮਦਦ ਕਰੇਗੀ। ਪੀੜਤਾਂ ਲਈ ਨਿਊਜ਼ੀਲੈਂਡ ਦੇ ਲੋਕਾਂ ਵਲੋਂ ਮਿਲ ਰਹੀ ਹਮਦਰਦੀ ਸਿਫਤਯੋਗ ਹੈ। ਜ਼ਿਕਰਯੋਗ ਹੈ ਕਿ 15 ਮਾਰਚ ਨੂੰ ਨਿਊਜ਼ੀਲੈਂਡ ਦੀਆਂ ਦੋ ਚਰਚਾਂ 'ਚ ਗੋਲੀਬਾਰੀ ਹੋਈ ਸੀ। ਹਮਲੇ 'ਚ 51 ਲੋਕ ਮਾਰੇ ਗਏ ਸਨ। ਵਿਲ ਨੇ ਇਸੇ ਦੌਰਾਨ ਸੈਨੇਟਰ 'ਤੇ ਆਂਡਾ ਸੁੱਟਿਆ ਸੀ। ਇਸ ਦੇ ਬਾਅਦ ਸੈਨੇਟਰ ਨੇ ਪਿੱਛੇ ਮੁੜ ਕੇ ਵਿਲ ਦੇ ਮੁੱਕਾ ਮਾਰਿਆ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਉਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਘਟਨਾ ਮਗਰੋਂ ਵਿਲ ਦੁਨੀਆਭਰ 'ਚ ਮਸ਼ਹੂਰ ਹੋ ਗਿਆ।